28 Oct-RPR-5-8-New.qxd 10/29/2025 12:32 AM Page 4

ਡੇਰਾਬੱਸੀ ਹਲਕੇ ਦੇ ਇਕ ਪਿੰਡ ਵਿਖੇ ਖੇਡ ਮੈਦਾਨ ਦਾ ਨੀਂਹ ਪੱਥਰ ਰੱਖਦੇ ਹੋਏ ਵਿਧਾਇਕ ਕੁਲਜੀਤ ਸਿੰਘ ਰੰਧਾਵਾ। *ਤਸਵੀਰ : ਰਣਬੀਰ ਸਿੰਘ ਪੜ੍ਹੀ*

ਮਾਨ ਸਰਕਾਰ ਵਲੋਂ ਈ. ਐੱਸ. ਆਈ. ਹਸਪਤਾਲ ਤੇ ਖੇਡ ਮੈਦਾਨਾਂ ਦੇ ਰੂਪ 'ਚ ਡੇਰਾਬੱਸੀ ਹਲਕੇ ਨੂੰ ਦਿੱਤਾ ਗਿਆ ਦੋਹਰਾ ਤੋਹਫ਼ਾ- ਰੰਧਾਵਾ

ਡੇਰਾਬੱਸੀ, 28 ਅਕਤੂਬਰ (ਰਣਬੀਰ ਸਿੰਘ ਪੜ੍ਹੀ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਡੇਰਾਬੱਸੀ ਹਲਕੇ ਨੂੰ ਇਕ ਨਹੀਂ, ਸਗੋਂ ਦੋ ਵੱਡੇ ਵਿਕਾਸ ਦੇ ਤੋਹਫ਼ੇ ਦਿੱਤੇ ਗਏ ਹਨ। ਇਹ ਜਾਣਕਾਰੀ ਸਾਂਝੀ ਕਰਦਿਆਂ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਰਾਜ ਸਰਕਾਰ ਵਲੋਂ ਡੇਰਾਬੱਸੀ 'ਚ 100 ਬਿਸਤਰਿਆਂ ਵਾਲੇ ਕਰਮਚਾਰੀ ਰਾਜ ਬੀਮਾ ਨਿਗਮ (ਈ. ਐੱਸ. ਆਈ. ਸੀ.) ਦੇ ਆਧੁਨਿਕ ਹਸਪਤਾਲ ਦੀ ਸਥਾਪਨਾ ਲਈ ਪ੍ਰਵਾਨਗੀ ਦਿੱਤੀ ਗਈ ਹੈ। ਇਸ ਪ੍ਰਾਜੈਕਟ ਲਈ ਪੰਜਾਬ ਸਰਕਾਰ ਵਲੋਂ 4 ਏਕੜ ਜ਼ਮੀਨ ਵੀ ਮੁਹੱਈਆ ਕਰਵਾਈ ਗਈ ਹੈ, ਜਿਸ 'ਤੇ ਕੇਂਦਰੀ ਗ੍ਰਾਂਟ ਨਾਲ ਹਸਪਤਾਲ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਹਸਪਤਾਲ ਮਜ਼ਦੂਰ ਵਰਗ ਅਤੇ ਆਮ ਲੋਕਾਂ ਲਈ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰੇਗਾ। ਹਸਪਤਾਲ 'ਚ ਮਾਂ-ਬਾਲ ਸੇਵਾਵਾਂ, ਐਮਰਜੈਂਸੀ, ਡਾਇਗਨੋਸਟਿਕ ਤੇ ਵਿਸ਼ੇਸ਼ ਮਾਹਿਰਾਂ ਦੀ ਓ. ਪੀ. ਡੀ. ਵਰਗੀਆਂ ਸਹੂਲਤਾਂ ਉਪਲੱਬਧ ਹੋਣਗੀਆਂ। ਵਿਧਾਇਕ ਰੰਧਾਵਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਡੇਰਾਬੱਸੀ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕੀਤਾ ਹੈ। ਇਸ ਦੇ ਨਾਲ ਹੀ ਵਿਧਾਇਕ ਰੰਧਾਵਾ ਨੇ ਆਪਣੇ ਹਲਕੇ ਦੇ 9 ਪਿੰਡਾਂ 'ਚ 3.26 ਕਰੋੜ ਰੁ. ਦੀ ਲਾਗਤ ਨਾਲ ਖੇਡ ਮੈਦਾਨਾਂ ਤੇ ਹੋਰਨਾਂ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ। ਇਸ ਤਹਿਤ ਪਿੰਡ ਸਾਰੰਗਪੁਰ, ਬੜਾਣਾ, ਭਾਗਸੀ, ਮੀਆਂਪੁਰ, ਬਰੌਲੀ, ਬੋਹੜਾ, ਸਮਗੌਲੀ, ਜੜੌਤ ਅਤੇ ਅਮਲਾਲਾ 'ਚ ਖੇਡ ਮੈਦਾਨਾਂ ਅਤੇ ਪੰਚਾਇਤ ਘਰਾਂ ਦੇ ਨਿਰਮਾਣ ਦਾ ਕੰਮ ਸ਼ੁਰੂ ਹੋ ਗਿਆ ਹੈ।

ਕੁਦਰਤ, ਪਾਣੀ ਤੇ ਸੂਰਜ ਦੀ ਪੂਜਾ ਰਾਹੀਂ ਵਾਤਾਵਰਨ ਸੁਰੱਖਿਆ ਦਾ ਸੰਦੇਸ਼ ਦਿੰਦਾ ਹੈ ਛੱਠ ਪੂਜਾ ਦਾ ਤਿਓਹਾਰ- ਸੈਣੀ

ਡੇਰਾਬੱਸੀ, 28 ਅਕਤੂਬਰ (ਰਣਬੀਰ ਸਿੰਘ ਪੜ੍ਹੀ)-ਡੇਰਾਬੱਸੀ ਵਿਖੇ ਮਾਂ ਛੱਠ ਪੂਜਾ ਸੇਵਾ ਕਮੇਟੀ ਮੁਬਾਰਿਕਪੁਰ ਤੇ ਰਾਮ ਤਲਾਈ ਕਮੇਟੀ ਡੇਰਾਬੱਸੀ ਵਲੋਂ ਕਰਵਾਏ ਛੱਠ ਪੂਜਾ ਵਿਚ ਹਲਕੇ ਦੇ ਸੀਨੀਅਰ ਭਾਜਪਾ ਆਗੂ ਅਤੇ ਸਮਾਜ ਸੇਵੀ ਗੁਰਦਰਸ਼ਨ ਸਿੰਘ ਸੈਣੀ ਵਲੋਂ ਦੋਨੋਂ ਥਾਵਾਂ ਤੇ ਹਾਜ਼ਰੀ ਲਗਵਾਈ ਗਈ। ਇਸ ਦੌਰਾਨ ਉਨ੍ਹਾਂ ਅਸਤ ਸੂਰਜ ਨੂੰ ਅਰਗ ਦੇ ਕੇ ਛੱਠੀ ਮਾਤਾ ਦਾ ਅਸ਼ੀਰਵਾਦ ਲਿਆ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਅਤੇ ਦੇਸ਼ ਵਾਸੀਆਂ ਦੀ ਸੁੱਖ, ਸ਼ਾਂਤੀ, ਖੁਸ਼ਹਾਲੀ ਤੇ ਅਰੋਗਤਾ ਦੀ ਕਾਮਨਾ ਕਰਦਿਆਂ ਸੂਰਜ ਦੇਵ ਅਤੇ ਕੁਦਰਤ ਦੀ ਉਪਾਸਨਾ ਨੂੰ ਸਮਰਪਿਤ ਛੱਠ ਤਿਓਹਾਰ ਦੀਆਂ ਸਾਰਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਮੁਬਾਰਿਕਪੁਰ ਵਿਖੇ ਕਮੇਟੀ ਨੂੰ 31 ਹਜ਼ਾਰ ਰੁਪਏ ਦੀ ਰਾਸ਼ੀ ਭੇਟ ਕੀਤੀ। ਇਸ ਦੌਰਾਨ ਸੈਣੀ ਨੇ ਕਿਹਾ ਕਿ ਇਹ ਛੱਠ ਮਹਾਪਰਵ ਦੀ ਚਾਰ ਦਿਨਾਂ ਦੀ ਰਸਮ ਅਤੇ ਕੁਦਰਤ ਤੇ ਸੱਭਿਆਚਾਰ ਦੀ ਝਲਕ ਸ਼ਰਧਾਲੂਆਂ 'ਚ ਨਵੀਂ ਊਰਜਾ ਅਤੇ ਉਤਸ਼ਾਹ ਭਰ ਦਿੰਦੀ ਹੈ। ਉਨ੍ਹਾਂ ਕਿਹਾ ਕਿ ਛੱਠ ਕੁਦਰਤ ਨੂੰ ਸਮਰਪਿਤ ਇਕ ਤਿਉਹਾਰ ਹੈ, ਜਿਥੇ ਲੋਕ ਸੂਰਜ ਦੇਵਤਾ ਅਤੇ ਛੱਠੀ ਮਾਤਾ ਦੀ ਪੂਜਾ ਕਰਦੇ ਹਨ। ਇਹ ਤਿਉਹਾਰ ਵਿਸ਼ਵਾਸ, ਸ਼ਰਧਾ ਅਤੇ ਸਫਾਈ ਦਾ ਵੀ ਪ੍ਰਤੀਕ ਹੈ, ਜੋ ਕੁਦਰਤ, ਪਾਣੀ ਅਤੇ ਸੂਰਜ ਦੀ ਪੂਜਾ ਰਾਹੀਂ ਵਾਤਾਵਰਣ ਸੁਰੱਖਿਆ ਦਾ ਸੰਦੇਸ਼ ਦਿੰਦਾ ਹੈ। ਇਸ ਮੌਕੇ ਹਰਦੀਪ ਸਿੰਘ, ਪੁਸ਼ਪਿੰਦਰ ਮਹਿਤਾ, ਹਰਪ੍ਰੀਤ ਸਿੰਘ ਟਿੰਕੂ, ਸਾਨੰਤ ਭਾਰਦਵਾਜ, ਪ੍ਰਧਾਨ ਓਮ ਪ੍ਰਕਾਸ਼, ਚੇਅਰਮੈਨ ਤਰਨੀ ਮਹਿਤਾ, ਅਨਿਲ, ਸੂਰਜ, ਅਰਜਨ ਸਿੰਘ, ਸੂਬੇਦਾਰ ਰਵਿੰਦਰ ਸਿੰਘ ਅਤੇ ਹੋਰ ਪਤਵੰਤੇ ਮੌਜੂਦ ਸਨ।

ਡੇਰਾਬੱਸੀ ਸ੍ਰੀ ਰਾਮਤਲਾਈ ਵਿਖੇ ਛੱਠ ਪੂਜਾ ਸਮਾਰੋਹ ਵਿਚ ਸ਼ਿਰਕਤ ਕਰਦੇ ਹੋਏ ਸਮਾਜ ਸੇਵੀ ਅਤੇ ਭਾਜਪਾ ਆਗੂ ਗੁਰਦਰਸ਼ਨ ਸਿੰਘ ਸੈਣੀ ਅਤੇ ਟੀਮ। *ਤਸਵੀਰ : ਰਣਬੀਰ ਸਿੰਘ ਪੜ੍ਹੀ*

ਸੀ. ਜੀ. ਸੀ. ਲਾਂਡਰਾਂ ਦੇ ਸਾਲਾਨਾ ਟੈਕਨੋ ਸੱਭਿਆਚਾਰਕ ਮੇਲੇ 'ਪਰਿਵਰਤਨ 2 ਕੇ 25' ਦਾ ਪੋਸਟਰ ਜਾਰੀ ਕਰਦੇ ਹੋਏ ਪ੍ਰਧਾਨ ਰਸ਼ਪਾਲ ਸਿੰਘ ਧਾਲੀਵਾਲ ਅਤੇ ਨਾਲ ਹਾਜ਼ਰ ਵਿਦਿਆਰਥੀ ਕੋਆਰਡੀਨੇਟਰ ਤੇ ਫੈਕਲਟੀ ਮੈਂਬਰ। *ਅਜੀਤ ਤਸਵੀਰ*

ਸੀ. ਜੀ. ਸੀ. ਲਾਂਡਰਾਂ ਵਲੋਂ ਟੈਕਨੋ ਸੱਭਿਆਚਾਰਕ ਮੇਲੇ 'ਪਰਿਵਰਤਨ 2 ਕੇ 25' ਦਾ ਪੋਸਟਰ ਜਾਰੀ

ਐੱਸ. ਏ. ਐੱਸ. ਨਗਰ, 28 ਅਕਤੂਬਰ (ਤਰਵਿੰਦਰ ਸਿੰਘ ਬੈਨੀਪਾਲ)-ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼ (ਸੀ. ਜੀ. ਸੀ.) ਲਾਂਡਰਾਂ ਵਲੋਂ 7 ਤੇ 8 ਨਵੰਬਰ ਨੂੰ ਸਾਲਾਨਾ ਟੈਕਨੋ ਸੱਭਿਆਚਾਰਕ ਮੇਲਾ 'ਪਰਿਵਰਤਨ 2 ਕੇ 25' ਕਰਵਾਇਆ ਜਾ ਰਿਹਾ ਹੈ, ਜਿਸ ਦਾ ਪੋਸਟਰ ਅੱਜ ਸੀ. ਜੀ. ਸੀ. ਲਾਂਡਰਾਂ ਦੇ ਪ੍ਰਧਾਨ ਰਸ਼ਪਾਲ ਸਿੰਘ ਧਾਲੀਵਾਲ ਵਲੋਂ ਜਾਰੀ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਵਿਦਿਆਰਥੀ ਕੋਆਰਡੀਨੇਟਰ ਤੇ ਫੈਕਲਟੀ ਮੈਂਬਰ ਵੀ ਹਾਜ਼ਰ ਸਨ। ਹੁਨਰ ਤੇ ਰਚਨਾਤਮਿਕਤਾ ਦੇ ਇਸ ਜਸ਼ਨ ਦੀ ਸਫ਼ਲਤਾ ਲਈ ਸ਼ੁਭਕਾਮਨਾਵਾਂ ਦਿੰਦੇ ਹੋਏ ਪ੍ਰਧਾਨ ਰਸ਼ਪਾਲ ਸਿੰਘ ਧਾਲੀਵਾਲ ਨੇ ਪ੍ਰਬੰਧਕ ਟੀਮ ਦੇ ਸਮਰਪਣ ਅਤੇ ਭਾਵਨਾ ਦੀ ਸ਼ਲਾਘਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਇਸ ਜੀਵੰਤ ਮੰਚ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਵੀ ਕੀਤਾ। ਉਨ੍ਹਾਂ ਕਿਹਾ ਕਿ ਇਸ ਮੇਲੇ ਦੌਰਾਨ ਤਕਨੀਕੀ, ਗ਼ੈਰ-ਤਕਨੀਕੀ ਅਤੇ ਸੱਭਿਆਚਾਰਕ ਮੁਕਾਬਲਿਆਂ ਦੀ ਇਕ ਦਿਲਚਸਪ ਲਾਈਨਅੱਪ ਸ਼ਾਮਿਲ ਹੋਵੇਗੀ, ਜੋ ਕਿ ਭਾਗੀਦਾਰਾਂ ਨੂੰ ਆਪਣੇ ਹੁਨਰ ਅਤੇ ਰਚਨਾਤਮਿਕਤਾ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਪ੍ਰਦਾਨ ਕਰੇਗੀ। ਇਸ ਦੇ ਨਾਲ ਹੀ ਵਿਦਿਆਰਥੀ 10 ਲੱਖ ਰੁ. ਦੇ ਇਨਾਮਾਂ ਲਈ ਵੀ ਮੁਕਾਬਲੇ ਕਰਨਗੇ, ਜੋ ਕਿ ਮੇਲੇ ਦੇ ਉਤਸ਼ਾਹ ਅਤੇ ਮੁਕਾਬਲੇ ਦੀ ਭਾਵਨਾ ਨੂੰ ਵਧਾਉਣਗੇ। ਉਨ੍ਹਾਂ ਦੱਸਿਆ ਕਿ ਇਸ ਮੇਲੇ ਦੌਰਾਨ 8 ਨਵੰਬਰ ਨੂੰ ਪ੍ਰਸਿੱਧ ਗਾਇਕ ਦਰਸ਼ਨ ਰਾਵਲ ਵਲੋਂ ਲਾਈਵ ਪ੍ਰਸਤੂਤੀ ਦਿੱਤੀ ਜਾਵੇਗੀ, ਜੋ ਕਿ ਹਾਜ਼ਰੀਨਾਂ ਲਈ ਸ਼ਾਮ ਨੂੰ ਅਭੁੱਲ ਬਣਾਏਗਾ।

ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਦਾ ਬਾਹਰੀ ਦ੍ਰਿਸ਼। *ਅਜੀਤ ਤਸਵੀਰ*

ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ 1 ਨੂੰ ਮਨਾਇਆ ਜਾਵੇਗਾ ਦਸਮੀ ਦਾ ਦਿਹਾੜਾ

ਐੱਸ. ਏ. ਐੱਸ. ਨਗਰ, 28 ਅਕਤੂਬਰ (ਤਰਵਿੰਦਰ ਸਿੰਘ ਬੈਨੀਪਾਲ)-ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਮੀ ਦਾ ਸ਼ੁਭ ਦਿਹਾੜਾ 1 ਨਵੰਬਰ ਨੂੰ ਮਨਾਇਆ ਜਾਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਇਸ ਦਿਹਾੜੇ ਦੀ ਖੁਸ਼ੀ 'ਚ ਸਵੇਰੇ 9 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਪਰੰਤ ਸਾਰਾ ਦਿਨ ਚੱਲਣ ਵਾਲੇ ਧਾਰਮਿਕ ਸਮਾਗਮ ਦੌਰਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜਥੇ, ਇੰਟਰਨੈਸ਼ਨਲ ਪੰਥਕ ਢਾਡੀ ਜਥੇ ਅਤੇ ਉੱਚ ਕੋਟੀ ਦੇ ਪ੍ਰਚਾਰਕ ਸੰਗਤਾਂ ਨੂੰ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕਰਨਗੇ।

ਜਾਅਲੀ ਸਰਟੀਫ਼ਿਕੇਟਾਂ ਦੀ ਸਹੀ ਵੈਰੀਫਿਕੇਸ਼ਨ ਰਿਪੋਰਟ ਭੇਜਣ ਦੇ ਮਾਮਲੇ 'ਚ ਸਿੱਖਿਆ ਬੋਰਡ ਦੇ ਚੇਅਰਮੈਨ ਵਲੋਂ ਸੁਪਰਡੈਂਟ ਮੁਅੱਤਲ

ਐੱਸ. ਏ. ਐੱਸ. ਨਗਰ, 28 ਅਕਤੂਬਰ (ਤਰਵਿੰਦਰ ਸਿੰਘ ਬੈਨੀਪਾਲ)-ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ 'ਭ੍ਰਿਸ਼ਟਾਚਾਰ ਵਿਰੁਧੀ ਮੁਹਿੰਮ' ਨੂੰ ਅੱਗੇ ਤੋਰਦੇ ਹੋਏ ਜਾਅਲੀ ਸਰਟੀਫ਼ਿਕੇਟਾਂ ਦੀ ਸਹੀ ਵੈਰੀਫਿਕੇਸ਼ਨ ਰਿਪੋਰਟ ਭੇਜਣ ਦੇ ਮਾਮਲੇ ਵਿਚ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਵਲੋਂ ਹਰਮਨਦੀਪ ਸਿੰਘ ਸੀਨੀਅਰ ਸਹਾਇਕ ਵੈਰੀਫਿਕੇਸ਼ਨ ਸ਼ਾਖਾ (ਹੁਣ ਸੁਪਰਡੈਂਟ) ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਬੋਰਡ ਦੇ ਚੇਅਰਮੈਨ ਵਲੋਂ ਜਾਰੀ ਆਦੇਸ਼ਾਂ ਅਨੁਸਾਰ ਪੰਜਾਬ ਫਾਰਮੇਸੀ ਕੌਂਸਲ ਮੈਡੀਕਲ ਸਿੱਖਿਆ ਭਵਨ ਸੈਕਟਰ-69 ਮੁਹਾਲੀ ਵਲੋਂ ਪ੍ਰਾਪਤ ਹੋਏ ਜਾਅਲੀ ਸਰਟੀਫ਼ਿਕੇਟਾਂ ਦੀ ਸਹੀ ਵੈਰੀਫਿਕੇਸ਼ਨ ਰਿਪੋਰਟ ਭੇਜਣ ਸੰਬੰਧੀ ਮਾਮਲੇ ਵਿਚ ਸੰਯੁਕਤ ਸਕੱਤਰ (ਜ) ਕੋਲੋਂ ਫੈਕਟ ਫਾਈਂਡਿੰਗ ਪੜਤਾਲ ਕਰਵਾਈ ਗਈ ਸੀ, ਜਿਸਦੀ ਰਿਪੋਰਟ ਤੇ ਰਿਕਾਰਡ ਅਨੁਸਾਰ ਪੰਜਾਬ ਫਾਰਮੇਸੀ ਕੌਂਸਲ ਵਲੋਂ ਵੈਰੀਫਿਕੇਸ਼ਨ ਲਈ ਭੇਜੇ ਗਏ ਸਰਟੀਫ਼ਿਕੇਟਾਂ ਨੂੰ ਸਿੰਗਲ ਵਿੰਡੋ ਤੋਂ ਡਾਇਰੀ ਨੰ. 3359 ਮਿਤੀ 13 ਜੁਲਾਈ 2023 ਰਾਹੀਂ ਰਣਜੀਤ ਸਿੰਘ ਹੈਲਪਰ ਵਲੋਂ ਦਸਤੀ ਪ੍ਰਾਪਤ ਕੀਤਾ ਗਿਆ ਸੀ ਤੇ ਡਾਇਰੀ ਨੰ. 3897 ਮਿਤੀ 4 ਅਗਸਤ 2023 ਰਾਹੀਂ ਰਾਜਿੰਦਰ ਸਿੰਘ ਹੈਲਪਰ ਵਲੋਂ ਦਸਤੀ ਪ੍ਰਾਪਤ ਕੀਤਾ ਗਿਆ ਸੀ। ਇਹ ਦੋਵੇਂ ਕੇਸ ਵੈਰੀਫਿਕੇਸ਼ਨ ਸ਼ਾਖਾ ਦੀ ਸੀਨੀਅਰ ਸਹਾਇਕ ਜਗਵੀਰ ਕੌਰ ਵਲੋਂ ਡੀਲ ਕੀਤੇ ਜਾਣੇ ਸਨ, ਪ੍ਰੰਤੂ ਸੰਬੰਧਿਤ ਕਰਮਚਾਰਨ 14 ਜੂਨ 2023 ਤੋਂ 7 ਸਤੰਬਰ 2023 ਤੱਕ ਵਿਦੇਸ਼ੀ ਛੁੱਟੀ 'ਤੇ ਸੀ, ਜਿਸ ਕਾਰਨ ਉਸ ਦੀ ਸੀਟ ਦਾ ਕੰਮ ਵੈਰੀਫਿਕੇਸ਼ਨ ਸ਼ਾਖਾ ਦੇ ਸੀਨੀਅਰ ਸਹਾਇਕ ਪਰਵਿੰਦਰ ਸਿੰਘ ਕਰ ਰਹੇ ਸਨ। ਫੈਕਟ ਫਾਈਂਡਿੰਗ ਪੜਤਾਲ ਰਿਪੋਰਟ ਦੇ ਆਧਾਰ 'ਤੇ ਵੈਰੀਫਿਕੇਸ਼ਨ ਸ਼ਾਖਾ ਦੇ ਕਰਮਚਾਰੀ ਪਰਵਿੰਦਰ ਸਿੰਘ ਸੀਨੀਅਰ ਸਹਾਇਕ, ਰਣਜੀਤ ਸਿੰਘ ਹੈਲਪਰ ਤੇ ਰਾਜਿੰਦਰ ਸਿੰਘ ਹੈਲਪਰ ਨੂੰ ਮਿਤੀ 5 ਜੁਲਾਈ 2024 ਨੂੰ ਬੋਰਡ ਦੀਆਂ ਸੇਵਾਵਾਂ ਤੋਂ ਮੁਅੱਤਲ ਕਰਨ ਉਪਰੰਤ ਮਿਤੀ 12 ਜੁਲਾਈ 2024 ਨੂੰ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਦੋਸ਼ ਸੂਚੀ ਦੇ ਸਨਮੁੱਖ ਪੇਸ਼ ਕੀਤੇ ਗਏ ਉੱਤਰ 'ਤੇ ਵਿਚਾਰ ਕਰਨ ਉਪਰੰਤ ਦੋਸ਼ਾਂ ਦੀ ਵਿਭਾਗੀ ਪੜਤਾਲ ਗੁਰਦੀਪ ਸਿੰਘ (ਸੇਵਾ-ਮੁਕਤ ਪੀ. ਸੀ. ਐਸ) ਕੋਲੋਂ ਕਰਵਾਈ ਗਈ ਸੀ। ਵਿਭਾਗੀ ਪੜਤਾਲ ਰਿਪੋਰਟ ਦੇ ਆਧਾਰ 'ਤੇ ਸੰਬੰਧਿਤ ਕਰਮਚਾਰੀਆਂ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਦੇ ਦੌਰਾਨ ਦੇਵਿੰਦਰ ਪ੍ਰਸ਼ਾਦ ਹੱਥ ਲਿਖਤ ਮਾਹਿਰ ਕੋਲੋਂ ਕੇਸ ਨੰ. 3359 ਅਤੇ ਕੇਸ ਨੰ. 3897 ਰਾਹੀਂ ਪ੍ਰਾਪਤ ਹੋਏ ਜਾਅਲੀ ਸਰਟੀਫ਼ਿਕੇਟਾਂ ਦੀ ਗ਼ਲਤ ਵੈਰੀਫਿਕੇਸ਼ਨ ਰਿਪੋਰਟ ਦੀ ਲਿਖਾਈ ਸੰਬੰਧੀ ਰਿਪੋਰਟ ਮਿਤੀ 16 ਅਕਤੂਬਰ 2025 ਨੂੰ ਪ੍ਰਾਪਤ ਹੋਈ ਸੀ, ਜਿਸ ਅਨੁਸਾਰ ਉਕਤ ਜਾਅਲੀ ਸਰਟੀਫ਼ਿਕੇਟਾਂ ਦੀ ਗ਼ਲਤ ਵੈਰੀਫਿਕੇਸ਼ਨ ਰਿਪੋਰਟ ਹਰਮਨਦੀਪ ਸਿੰਘ ਸੀਨੀਅਰ ਸਹਾਇਕ ਵੈਰੀਫਿਕੇਸ਼ਨ ਸ਼ਾਖਾ (ਹੁਣ ਸੁਪਰਡੈਂਟ) ਵਲੋਂ ਤਿਆਰ ਕੀਤੀ ਗਈ ਹੋਣ ਬਾਰੇ ਸਿੱਧ ਹੋਇਆ ਹੈ। ਇਸ ਲਈ ਮਾਮਲੇ ਦੀ ਗੰਭੀਰਤਾ ਅਤੇ ਹੱਥ ਲਿਖਤ ਮਾਹਿਰ ਦੀ ਰਿਪੋਰਟ ਦੇ ਮੱਦੇਨਜ਼ਰ ਹਰਮਨਦੀਪ ਸਿੰਘ ਸੀਨੀਅਰ ਸਹਾਇਕ (ਹੁਣ ਸੁਪਰਡੈਂਟ) ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ (ਸਜ਼ਾ ਤੇ ਅਪੀਲ) ਵਿਨਿਯਮ-1978 ਦੇ ਵਿਨਿਯਮ-16(1)(ੳ) ਅਧੀਨ ਤੁਰੰਤ ਬੋਰਡ ਦੀਆਂ ਸੇਵਾਵਾਂ ਤੋਂ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਸਮੇਂ ਦੌਰਾਨ ਸੰਬੰਧਿਤ ਅਧਿਕਾਰੀ ਨੂੰ ਨਿਯਮਾਂ ਅਨੁਸਾਰ ਗੁਜ਼ਾਰਾ ਭੱਤਾ ਦਿੱਤਾ ਜਾਵੇਗਾ ਤੇ ਮੁਅੱਤਲੀ ਦੇ ਸਮੇਂ ਦੌਰਾਨ ਉਸ ਦਾ ਹੈੱਡਕੁਆਰਟਰ ਖੇਤਰੀ ਦਫ਼ਤਰ ਗੁਰਦਾਸਪੁਰ ਹੋਵੇਗਾ।

ਜ਼ਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ ਵਲੋਂ ਪਲੇਸਮੈਂਟ ਕੈਂਪ ਅੱਜ

ਐੱਸ. ਏ. ਐੱਸ. ਨਗਰ, 28 ਅਕਤੂਬਰ (ਤਰਵਿੰਦਰ ਸਿੰਘ ਬੈਨੀਪਾਲ)-ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਮੁਹਾਲੀ ਵਲੋਂ ਅੱਜ 29 ਅਕਤੂਬਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਤੀਜੀ ਮੰਜ਼ਿਲ 'ਤੇ ਸਥਿਤ ਕਮਰਾ ਨੰ. 461 ਵਿਖੇ ਸਵੇਰੇ 10 ਵਜੇ ਤੋਂ ਲੈ ਕੇ ਦੁਪਹਿਰ ਦੇ 1 ਵਜੇ ਤੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਬਿਊਰੋ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆਂ ਨੇ ਦੱਸਿਆ ਕਿ ਪਲੇਸਮੈਂਟ ਕੈਂਪ 'ਚ ਡੀਮਾਰਟ, ਮਾਹਰਾਜ 70, ਏ. ਟੀ. ਐਸ, ਕੈਸਪਰੋ ਆਈ. ਟੀ. ਅਤੇ ਟੀ. ਡੀ. ਐਸ. ਕੰਪਨੀਆਂ ਵਲੋਂ 12ਵੀਂ, ਗ੍ਰੈਜੂਏਟ, ਬੀ. ਟੈੱਕ ਅਤੇ ਐਮ. ਸੀ. ਏ ਪਾਸ ਉਮੀਦਵਾਰਾਂ ਦੀ ਵੱਖ-ਵੱਖ ਅਸਾਮੀਆਂ ਲਈ ਚੋਣ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਨੌਕਰੀ ਲਈ ਚੁਣੇ ਗਏ ਉਮੀਦਵਾਰਾਂ ਦੀ ਤਨਖਾਹ ਕੰਪਨੀ ਦੇ ਨਾਰਮਜ਼ ਅਨੁਸਾਰ ਹੋਵੇਗੀ ਅਤੇ ਕੰਮ ਕਰਨ ਦਾ ਸਥਾਨ ਮੁਹਾਲੀ ਹੋਵੇਗਾ। ਉਨ੍ਹਾਂ ਚਾਹਵਾਨ ਉਮੀਦਵਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਯੋਗਤਾ ਦੇ ਅਸਲ ਸਰਟੀਫ਼ਿਕੇਟ ਤੇ ਰਿਜ਼ੀਊਮ ਨਾਲ ਲੈ ਕ